# ਪੰਜਾਬੀ ਯੂਨੀਵਰਸਿਟੀ ਪਟਿਆਲਾ

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)

**ਦਫ਼ਤਰ ਡੀਨ, ਅਕਾਦਮਿਕ ਮਾਮਲੇ**

ਨੰ. 12565 ਡੀ.ਏ.ਏ
ਮਿਤੀ: ~~18.9.2018~~ 19.9.2018

## ਨੋਟਿਸ

ਯੂਨੀਵਰਸਿਟੀ ਹੋਸਟਲ ਨਿਯਮਾਂ ਅਨੁਸਾਰ ਲੜਕੀਆਂ ਦੇ ਹੋਸਟਲਾਂ ਦਾ ਸਮਾਂ ਨਿਸ਼ਚਿਤ ਕੀਤਾ ਹੋਇਆ ਹੈ। ਪ੍ਰੰਤੂ ਇੱਕ ਵਿਦਿਆਰਥੀ ਜਥੇਬੰਦੀ ਵਲੋਂ ਲੜਕੀਆਂ ਦੇ ਹੋਸਟਲਾਂ ਨੂੰ ਚੌਵੀ ਘੰਟੇ ਖੁੱਲ੍ਹਾ ਰੱਖਣ ਦੀ ਮੰਗ ਕੀਤੀ ਜਾ ਰਹੀ ਹੈ। ਯੂਨੀਵਰਸਿਟੀ ਦੇ ਜ਼ਿਆਦਾਤਰ ਵਿਦਿਆਰਥੀਆਂ ਤੇ ਜਥੇਬੰਦੀਆਂ ਵਲੋਂ ਇਸ ਮੰਗ ਦਾ ਵਿਰੋਧ ਕੀਤਾ ਜਾ ਰਿਹਾ ਹੈ। ਇਸ ਬਾਰੇ ਯੂਨੀਵਰਸਿਟੀ ਪ੍ਰਸਾਸ਼ਨ ਨਾਲ ਸਬੰਧਤ ਜਥੇਬੰਦੀ ਦੀ ਦਿਨ ਭਰ ਗੱਲਬਾਤ ਵੀ ਹੋਈ ਪਰ ਇਹ ਜਥੇਬੰਦੀ ਇਸ ਮੰਗ ਨੂੰ ਮਨਵਾਉਣ ਲਈ ਬਜ਼ਿੱਦ ਰਹੀ ਅਤੇ ਆਪਣਾ ਧਰਨਾ ਜਾਰੀ ਰੱਖਿਆ ਹੋਇਆ ਹੈ। ਇਹ ਵਿਦਿਆਰਥੀ ਹੋਸਟਲ ਨਿਯਮਾਂ ਦੇ ਵਿਰੁੱਧ ਰਾਤ 8:00 ਤੋਂ 11:00 ਵਜੇ ਤੱਕ ਲੜਕੀਆਂ ਨੂੰ ਹੋਸਟਲ ਤੋਂ ਬਾਹਰ ਆਉਣ ਲਈ ਉਕਸਾਉਂਦੇ ਰਹੇ। ਬਾਅਦ ਵਿੱਚ ਕੀਤੇ ਜਾ ਰਹੇ ਪ੍ਰਦਰਸ਼ਨ ਦੌਰਾਨ ਦੋ ਵਿਦਿਆਥਰੀ ਧਿਰਾਂ ਵਿੱਚ ਝੜੱਪ ਵੀ ਹੋਈ ਅਤੇ ਯੂਨੀਵਰਸਿਟੀ ਪ੍ਰਸਾਸ਼ਨ ਦੀ ਸਮੇਂ ਸਿਰ ਦਖ਼ਲਅੰਦਾਜ਼ੀ ਕਰਕੇ ਬਹੁਤ ਵੱਡੀ ਮਾੜੀ ਘਟਨਾ ਹੋਣ ਤੋਂ ਬਚਾਅ ਹੋ ਗਿਆ।

ਉਪਰੋਕਤ ਦੀ ਲੋਅ ਵਿੱਚ ਯੂਨੀਵਰਸਿਟੀ ਦੇ ਮੌਜੂਦਾ ਹਾਲਾਤ ਨੂੰ ਮੱਦੇਨਜ਼ਰ ਰੱਖਦੇ ਹੋਏ ਇਹਤਿਹਾਤ ਵਜੋਂ ਮਿਤੀ 20 ਅਤੇ 21 ਸਤੰਬਰ 2018 ਨੂੰ ਯੂਨੀਵਰਸਿਟੀ ਮੇਨ ਕੈਂਪਸ ਦੇ ਸਾਰੇ ਅਧਿਆਪਨ ਅਤੇ ਗੈਰ ਅਧਿਆਪਨ ਵਿਭਾਗ ਅਤੇ ਸਮੂਹ ਦਫਤਰ ਬੰਦ ਰਹਿਣਗੇ।

19.9.18

**ਡੀਨ, ਅਕਾਦਮਿਕ ਮਾਮਲੇ**